੧੬੮

ਮਨੁੱਖ

(ਲੇਖਕ: ਭਾਈ ਜੋਧ ਸਿੰਘ)

ਜਿੰਦ ਅਤੇ ਚੇਤਨਤਾ ਤਾਂ ਸ੍ਰਿਸ਼ਟੀ ਵਿੱਚ ਕਈ ਰੂਪਾਂ ਵਿੱਚ ਦਿਸਦੀਆਂ ਹਨ ਪਰ ਮਨੁੱਖੀ ਖੋਜ ਦਾ ਸਿੱਟਾ ਇਹ ਹੈ ਕਿ ਜਿੰਨੀ ਪੂਰਨਤਾ ਨੂੰ ਇਹ ਮਨੁੱਖਾ ਦੇਹੀ ਵਿੱਚ ਪੁੱਜੀਆਂ ਹਨ ਉਨੀ ਪੂਰਨਤਾ ਹੋਰ ਕਿਸੇ ਜੂਨ ਵਿੱਚ ਨਹੀਂ।

– ਅਵਰ ਜੋਨਿ ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥ (੩੭੪)

ਅਤੇ ਮਨੁੱਖਾਂ ਵਿੱਚ ਹੀ ਉੱਨਤੀ, ਧਰਮ ਆਦਿ ਦੇ ਖ਼ਿਆਲ ਹਨ, ਹੋਰ ਕਿਤੇ ਨਹੀਂ ਦਿੱਸਦੇ। ਇਸ ਲਈ ਜ਼ਰੂਰੀ ਹੈ ਕਿ ਮਨੁੱਖੀ ਹਸਤੀ ਤੇ ਵਿਚਾਰ ਕੀਤੀ ਜਾਵੇ। ਗੁਰਮਤਿ ਇਹ ਦੱਸਦੀ ਹੈ ਕਿ ਮਨੁੱਖ ਨਿਰਾ ਸਰੀਰ ਹੀ ਨਹੀਂ, ਇਸ ਵਿੱਚ ਜੋਤਿ ਹੈ ਜੋ ਨਿਰੰਕਾਰ ਨੇ ਰੱਖੀ ਹੈ:

– ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥ (੯੨੧)

ਸਤਿਗੁਰੂ ਦੱਸਦੇ ਹਨ ਕਿ ਸਰੀਰ ਨਾਸ਼ ਹੋ ਜਾਂਦਾ ਹੈ ਪਰ ਜੋ ਕੁਝ ਸਰੀਰ ਵਿੱਚ ਵੱਸਦਾ ਹੈ ਉਹ ਸਰੀਰ ਨਾਲ ਨਾਸ਼ ਨਹੀਂ ਹੁੰਦਾ।

– ਮੇਰਾ ਮੇਰਾ ਕਰਿ ਬਲਿਲਾਹੀ॥ ਮਰਣਹਾਰੁ ਇਹੁ ਜੀਅਰਾ ਨਾਹੀ॥ (੧੮੮)

ਨਾਸ਼ ਦੇਹੀ ਹੀ ਹੁੰਦੀ ਹੈ।

– ਠੰਢੀ ਤਾਤੀ ਮਿਟੀ ਖਾਈ॥ ਓਹੁ ਨ ਬਾਲਾ ਬੂਢਾ ਭਾਈ॥ (੩੭੮)

ਜੀਵ ਆਤਮਾ ਨਾਸ਼ ਨਹੀਂ ਹੁੰਦੀ।

– ਓਹੁ ਬੈਰਾਗੀ ਮਰੈ ਨ ਜਾਇ॥ ਹੁਕਮੇ ਬਾਧਾ ਕਾਰ ਕਮਾਇ॥ (੩੯੦)

– ਕਾਇਆ ਹੰਸ ਕਿਆ ਪ੍ਰੀਤਿ ਹੈ ਜਿ ਪਇਆ ਹੀ ਛਡਿ ਜਾਇ॥
ਏਸ ਨੋ ਕੂੜੁ ਬੋਲਿ ਕਿ ਖਵਾਲੀਐ ਜਿ ਚਲਦਿਆ ਨਾਲਿ ਨ ਜਾਇ॥
ਕਾਇਆ ਮਿਟੀ ਅੰਧੁ ਹੈ ਪਉਣੈ ਪੁਛਹੁ ਜਾਇ॥
ਹਉ ਤਾ ਮਾਇਆ ਮੋਹਿਆ ਫਿਰਿ ਫਿਰਿ ਆਵਾ ਜਾਇ॥
ਨਾਨਕ ਹੁਕਮੁ ਨ ਜਾਤੋ ਖਸਮ ਕਾ ਜਿ ਰਹਾ ਸਚਿ ਸਮਾਇ॥ (੫੧੦)

ਚੇਤਨਤਾ ਤੇ ਨਿਰਣਾ ਕਰਨ ਦਾ ਗੁਣ ਸਰੀਰ ਵਿੱਚ ਨਹੀਂ। ਇਹ ਆਤਮਾ ਵਿੱਚ ਹਨ। ਇਹ ਆਤਮਾ ਕੀ ਹੈ? ਇਸ ਬਾਰੇ ਕਈਆਂ ਦਾ ਕਹਿਣਾ ਹੈ ਕਿ ਆਤਮਾ ਹੀ ਬ੍ਰਹਮ ਹੈ। ਗੁਰੂ ਸਾਹਿਬ ਇਹ ਨਹੀਂ ਮੰਨਦੇ ਕਿ ਜੀਵ ਆਤਮਾ ਜਿਸ ਹਾਲਤ ਵਿੱਚ ਹੈ ਇਹ ਬ੍ਰਹਮ ਹੈ। ਇਸ ਨੂੰ ਨਿਰੰਕਾਰ ਨੇ ਆਪਣੀ ਜੋਤਿ ਵਿੱਚੋਂ ਪੈਦਾ ਕੀਤਾ ਹੈ। ਇਹ ਬ੍ਰਹਮ ਰੂਪ ਹੋ ਸਕਦਾ ਹੈ ਅਤੇ ਉਸਦੇ ਨਾਲ ਅਸਲਾ ਇੱਕੋ ਹੋਣ ਕਰਕੇ ਨਿਰੰਕਾਰ ਨਾਲ ਮਿਲ ਸਕਦਾ ਹੈ, ਪਰ ਨਿਰੰਕਾਰ ਪੂਰਾ ਹੈ ਤੇ ਜੀਵ ਊਰਾ ਹੈ। ਜਦੋਂ ਇਹ ਨਿਰੰਕਾਰ ਵਿੱਚ ਲੀਨ ਹੋਵੇਗਾ ਤਾਂ ਵੀ ਨਿਰੰਕਾਰ ਬੇਅੰਤ ਹੀ ਰਹੇਗਾ।

– ਤੂ ਪੂਰਾ ਹਮ ਊਰੇ ਹੋਛੇ ਤੂ ਗਉਰਾ ਹਮ ਹਉਰੇ॥ (੫੯੬)

– ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥ ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥ (੫)

– ਧਿਆਇ ਧਿਆਇ ਭਗਤਹ ਸੁਖੁ ਪਾਇਆ॥ ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ॥ (੨੮੪)

ਨਿਰੰਕਾਰ ਸਰਬ ਸ਼ਕਤੀਮਾਨ ਹੈ। ਜੀਵ ਆਤਮਾ ਵਿੱਚ ਉਹ ਸਮਰੱਥਾ ਨਹੀਂ ਹੈ।

– ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ॥
ਆਪਣਾ ਕੀਤਾ ਕਿਛੁ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ॥
ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ॥
ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ॥ਰਹਾਉ॥
ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ॥
ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ॥
ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥
ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖਿ ਕਰਹਿ ਸਿ ਰੋਵੈ॥ (੭੩੬)

ਜਿਤਨੀ ਪਦਾਰਥਕ ਉੱਨਤੀ ਸੰਸਾਰ ਵਿੱਚ ਹੋਈ ਹੈ ਉਹ ਕੇਵਲ ਇਸ ਗੱਲ ਵਿੱਚ ਹੈ ਜੋ ਕੁਦਰਤੀ ਨੇਮ ਰਚਨਾ ਵਿੱਚ ਕੰਮ ਕਰ ਰਹੇ ਹਨ ਮਨੁੱਖ ਨੇ ਉਨ੍ਹਾਂ ਨੂੰ ਲੱਭ ਲਿਆ ਹੈ ਤੇ ਉਨ੍ਹਾਂ ਨੇਮਾਂ ਅਨੁਸਾਰ ਚੱਲਣ ਕਰਕੇ ਸਫ਼ਲਤਾ ਪ੍ਰਾਪਤ ਕਰ ਰਿਹਾ ਹੈ। ਮਾਦੀ ਦੁਨੀਆਂ ਵਿੱਚ ਮਨੁੱਖ ਦੀ ਵਧਦੀ ਤਾਕਤ ਨਿਰੰਕਾਰੀ ਨੇਮਾਂ ਅਨੁਸਾਰ ਚੱਲਣ ਕਰਕੇ ਹੈ। ਇਸੇ ਤਰ੍ਹਾਂ ਆਤਮਿਕ ਉੱਨਤੀ ਵੀ ਨਿਰੰਕਾਰੀ ਹੁਕਮ ਉਪਰ ਤੁਰਦਿਆਂ ਪ੍ਰਾਪਤ ਹੁੰਦੀ ਹੈ। ਜਿਸ ਤਰ੍ਹਾਂ ਹੋਰ ਨਿਰਜੀਵ ਵਸਤਾਂ ਨਿਰੰਕਾਰੀ ਨੇਮਾਂ ਦੇ ਵੱਸ ਵਿੱਚ ਹਨ ਉਸੇ ਤਰ੍ਹਾਂ ਚੇਤਨ ਮਨੁੱਖ ਵੀ ਹੈ। ਮਨੁੱਖ ਵਿੱਚ ਇਹ ਸਮਰੱਥਾ ਨਹੀਂ ਕਿ ਨੇਮਾਂ ਦੀ ਉਲੰਘਣਾ ਕਰ ਸਕੇ ਜਾਂ ਹੋਰ ਨਵੇਂ ਨੇਮ ਬਣਾ ਸਕੇ।

– ਮਾਧਉ ਹਰਿ ਹਰਿ ਹਰਿ ਮੁਖਿ ਕਹੀਐ॥ ਹਮ ਤੇ ਕਛੂ ਨ ਹੋਵੈ ਸੁਆਮੀ ਜਿਉ ਰਾਖਹੁ ਤਿਉ ਰਹੀਐ॥ਰਹਾਉ॥
ਕਿਆ ਕਿਛੁ ਕਰੈ ਕਿ ਕਰਣੈਹਾਰਾ ਕਿਆ ਇਸੁ ਹਾਥਿ ਬਿਚਾਰੇ॥
ਜਿਤੁ ਤੁਮ ਲਾਵਹੁ ਤਿਤ ਹੀ ਲਾਗਾ ਪੂਰਨ ਖਸਮ ਹਮਾਰੇ॥
ਕਰਹੁ ਕ੍ਰਿਪਾ ਸਰਬ ਕੇ ਦਾਤੇ ਏਕ ਰੂਪ ਲਿਵ ਲਾਵਹੁ॥
ਨਾਨਕ ਕੀ ਬੇਨੰਤੀ ਹਰਿ ਪਹਿ ਅਪੁਨਾ ਨਾਮੁ ਜਪਾਵਹੁ॥ (੨੧੬)

– ਕਹੁ ਮਾਨੁਖ ਤੇ ਕਿਆ ਹੋਇ ਆਵੈ॥ (੨੭੭)

– ਇਸ ਕਾ ਬਲੁ ਨਾਹੀ ਇਸੁ ਹਾਥ॥ (੨੭੭)

– ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ॥ ਨਾਨਕ ਇਨ ਕੈ ਕਛੂ ਨ ਹਾਥ॥ (੨੭੧)

ਜੋ ਤਾਕਤਾਂ ਨਿਰੰਕਾਰ ਨੇ ਜੀਵ ਨੂੰ ਦਿੱਤੀਆਂ ਹਨ ਉਨ੍ਹਾਂ ਦੇ ਵਿੱਚ ਮਨੁੱਖ ਨੂੰ ਵਰਤਣ ਦੀ ਖੁੱਲ੍ਹ ਹੈ। ਪਰ ਹੁਕਮ ਤੋਂ ਇਧਰ ਉਧਰ ਨਹੀਂ ਹੋ ਸਕਦਾ।

– ਕੀਤਾ ਕਹਾ ਕਰੇ ਮਨਿ ਮਾਨੁ॥ ਦੇਵਣਹਾਰੇ ਕੈ ਹਥਿ ਦਾਨੁ॥
ਭਾਵੈ ਦੇਇ ਨ ਦੇਈ ਸੋਇ॥ ਕੀਤੇ ਕੈ ਕਹਿਐ ਕਿਆ ਹੋਇ॥ (੨੫)

– ਸਰਬ ਜੀਆ ਸਿਰਿ ਲੇਖੁ ਧੁਰਾਹੁ ਬਿਨੁ ਲੇਖੈ ਨਹੀ ਕੋਈ ਜੀਉ॥
ਆਪਿ ਅਲੇਖੁ ਕੁਦਰਤਿ ਕਰਿ ਦੇਖੈ ਹੁਕਮਿ ਚਲਾਏ ਸੋਈ ਜੀਉ॥ (੫੯੮)

ਜੀਵ ਆਤਮਾ ਵਿੱਚ ਨਿਰੰਕਾਰ ਨੇ ਜੋ ਜੋਤਿ ਦਾ ਬੀਜ ਰੱਖਿਆ ਹੈ ਉਸਨੂੰ ਪ੍ਰਫੁੱਲਤ ਕਰਕੇ ਮਨੁੱਖੀ ਜੀਵ ਨਿਰੰਕਾਰ ਨਾਲ ਮਿਲ ਸਕਦਾ ਹੈ।

– ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥
ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ॥
ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ॥
ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ॥
ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ॥ (੪੪੧)

– ਬੀਜ ਮੰਤ੍ਰ ਸਰਬ ਕੋ ਗਿਆਨੁ॥ ਚਹੁ ਵਰਨਾ ਮਹਿ ਜਪੈ ਕੋਊ ਨਾਮੁ॥
ਜੋ ਜੋ ਜਪੈ ਤਿਸ ਕੀ ਗਤਿ ਹੋਇ॥ ਸਾਧਸੰਗਿ ਪਾਵੈ ਜਨੁ ਕੋਇ॥ (੨੭੪)

ਸਤਿਗੁਰੂ ਦੱਸਦੇ ਹਨ ਕਿ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਸਦਾ ਰਹਿਣ ਵਾਲੀ ਨਿਰੰਕਾਰੀ ਜੋਤਿ ਹਰ ਇੱਕ ਅੰਤਹਕਰਣ ਵਿੱਚ ਸਦਾ ਵਿਆਪਕ ਪਰ ਨਿਰਲੇਪ ਰਹਿੰਦੀ ਹੈ।

– ਅਚਰਜ ਕਥਾ ਮਹਾ ਅਨੂਪ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥ਰਹਾਉ॥
ਨਾ ਇਹੁ ਬੂਢਾ ਨਾ ਇਹੁ ਬਾਲਾ॥ ਨਾ ਇਸੁ ਦੂਖੁ ਨਹੀ ਜਮ ਜਾਲਾ॥
ਨਾ ਇਹੁ ਬਿਨਸੈ ਨਾ ਇਹੁ ਜਾਇ॥ ਆਦਿ ਜੁਗਾਦੀ ਰਹਿਆ ਸਮਾਇ॥
ਨਾ ਇਸੁ ਓਸਨੁ ਨਹੀ ਇਸੁ ਸੀਤੁ॥ ਨਾ ਇਸੁ ਦੁਸਮਨੁ ਨਾ ਇਸੁ ਮੀਤੁ॥
ਨਾ ਇਸੁ ਹਰਖੁ ਨਹੀ ਇਸੁ ਸੋਗੁ॥ ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ॥
ਨਾ ਇਸੁ ਬਾਪੁ ਨਹੀ ਇਸੁ ਮਾਇਆ॥ ਇਹੁ ਅਪਰੰਪਰੁ ਹੋਤਾ ਆਇਆ॥
ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ॥ ਘਟ ਘਟ ਅੰਤਰਿ ਸਦ ਹੀ ਜਾਗੈ॥ (੮੬੮)

ਸੱਤਾ ਅਤੇ ਚੇਤਨਤਾ ਇਸ ‘‘ਰਾਮ ਦੀ ਅੰਸ’’ ਤੋਂ ਹੈ ਤੇ ਇਸ ਅੰਸ਼ ਦਾ ਕਦੀ ਨਾਸ਼ ਨਹੀਂ।

– ਸਾਧੋ ਇਹੁ ਤੁਨੁ ਮਿਥਿਆ ਜਾਨਉ॥ ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ॥ (੧੧੮੬)

ਜੀਵਤ ਭਾਵ ਹਉਮੈ ਵਿੱਚ ਹੈ। ਹਉਮੈ ਨਾਸ਼ ਹੋਣ ਨਾਲ ਜੀਵ ਜਿਸ ਨਿਰੰਕਾਰ ਤੋਂ ਉਪਜਿਆ ਹੈ ਉਸਦਾ ਰੂਪ ਹੋ ਜਾਂਦਾ ਹੈ।

– ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥ ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ॥
ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ॥ ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ॥
ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ॥ (੧੧੯੩)

ਹਉਮੈ ਰੂਪ ਘੜੇ ਵਿੱਚ ਜਦ ਤੱਕ ਸੱਤਾ ਤੇ ਚੇਤਨਤਾ ਬੰਦ ਹੈ ਤਦ ਤੱਕ ਭਿੰਨਤਾ ਤੇ ਵਖੇਵਾਂ ਹੈ।

– ਜੈਸੇ ਕੁੰਭ ਉਦਕ ਪੂਰਿ ਆਨਿਓ ਤਬ ਉਹੁ ਭਿੰਨ ਦ੍ਰਿਸਟੋ॥
ਕਹੁ ਨਾਨਕ ਕੁੰਭੁ ਜਲੈ ਮਹਿ ਡਾਰਿਓ ਅੰਭੈ ਅੰਭ ਮਿਲੋ॥ (੧੨੦੩)

ਇਹ ਪੂਰਨਤਾ ਮਨੁੱਖੀ ਜੀਵਨ ਨੂੰ ਨਾਮ ਦੇ ਜਾਪ ਤੋਂ ਹਾਸਲ ਹੁੰਦੀ ਹੈ ਜਿਸ ਦਾ ਜ਼ਾਹਿਰ ਅਸਰ ਇਹ ਹੁੰਦਾ ਹੈ ਕਿ ਮਨੁੱਖ ਹੁਕਮ ਵਿੱਚ ਤੁਰਦਾ ਹੈ।

– ਸੋ ਹਰਿ ਜਨੁ ਨਾਮੁ ਧਿਆਇਦਾ ਹਰਿ ਹਰਿ ਜਨੁ ਇਕ ਸਮਾਨਿ॥ (੬੫੨)

– ਜੇਹਾ ਸੇਵੈ ਤੇਹੋ ਹੋਵੈ ਜੇ ਚਲੈ ਤਿਸੈ ਰਜਾਇ॥ (੫੪੯)

– ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ॥ ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ (੩੯੭)

- ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ॥ (੬੬੭)

- ਜੋ ਤੁਧੁ ਸੇਵਹਿ ਸੋ ਤੂਹੈ ਹੋਵਹਿ ਤੁਧੁ ਸੇਵਕ ਪੈਜ ਰਖਾਈ॥ (੭੫੮)

ਜੀਵ ਆਤਮਾ ਇਸ ਪੂਰਨਤਾ ਤੱਕ ਪੁੱਜਣ ਲਈ ਹੀ ਦੇਹੀ ਵਿੱਚ ਆਇਆ ਹੈ। ਜਦ ਤੱਕ ਨਾਮ ਨਾ ਸਿਮਰੇ ਦੇਹੀ ਨਿਹਫਲ ਹੈ, ਜੇ ਸਿਮਰਨ ਵਿੱਚ ਲੱਗ ਪਏ ਤਾਂ ਦੇਹੀ ਪਾਲਣਯੋਗ ਹੈ।

- ਹਰਿ ਨਾਮੁ ਨ ਸਿਮਰਹਿ ਸਾਧਸੰਗਿ ਤੈ ਤਨਿ ਉਡੈ ਖੇਹ॥
  ਜਿਨਿ ਕੀਤੀ ਤਿਸੈ ਨ ਜਾਣਈ ਨਾਨਕ ਫਿਟੁ ਅਲੂਣੀ ਦੇਹ॥ਮ:੫॥
  ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ॥ ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ॥ (੫੫੩)

ਜਦ ਤੱਕ ਮਨੁੱਖੀ ਜੀਵ ਪੂਰਨਤਾ ਤੱਕ ਨਹੀਂ ਪੁੱਜਦਾ, ਜੰਮਦਾ ਮਰਦਾ ਰਹਿੰਦਾ ਹੈ ਤੇ ਜਿਹੋ ਜਿਹੇ ਕਰਮ ਕਰਦਾ ਹੈ ਉਹੋ ਜਿਹੇ ਸੰਸਕਾਰ ਇਸਦੇ ਅੰਦਰ ਪੈਂਦੇ ਜਾਂਦੇ ਹਨ ਤੇ ਉਵੇਂ ਦਾ ਸੁਭਾਅ ਬਣਦਾ ਜਾਂਦਾ ਹੈ।

- ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ॥
  ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ॥ (੭੫੫)

- ਜੇਹੇ ਕਰਮ ਕਮਾਇ ਤੇਹਾ ਹੋਇਸੀ॥ (੭੩੦)

- ਜੈਸਾ ਕਰੇ ਸੁ ਤੈਸਾ ਪਾਵੈ॥ ਆਪਿ ਬੀਜਿ ਆਪੇ ਹੀ ਖਾਵੈ॥ (੬੬੨)

ਇੱਕ ਪ੍ਰਸ਼ਨ ਇਹ ਹੋ ਸਕਦਾ ਹੈ ਕਿ ਦੋਹਾਂ ਦੇ ਸਾਜੇ ਜਾਣ ਤੋਂ ਪਹਿਲਾਂ ਜੀਵ ਆਤਮਾ ਦਾ ਵਾਸ ਕਿੱਥੇ ਸੀ? ਸਿਧ ਗੋਸਟਿ ਵਿੱਚ ਇਉਂ ਕਿਹਾ ਹੈ:

- ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈਠੈ ਰਹਤਾ॥
  ਨਾਭਿ ਕਮਲ ਅਸਥੰਭੁ ਨ ਹੋਤੋ ਤਾ ਪਵਨੁ ਕਵਨ ਘਰਿ ਸਹਤਾ॥
  ਰੂਪੁ ਨ ਹੋਤੋ ਰੇਖ ਨ ਕਾਈ ਤਾ ਸਬਦਿ ਕਹਾ ਲਿਵ ਲਾਈ॥
  ਰਕਤੁ ਬਿੰਦੁ ਕੀ ਮੜੀ ਨ ਹੋਤੀ ਮਿਤਿ ਕੀਮਤਿ ਨਹੀ ਪਾਈ॥ (੯੪੫)

ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਸਤਿਗੁਰੂ ਇਉਂ ਫੁਰਮਾਉਂਦੇ ਹਨ:

- ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ॥
  ਨਾਭਿ ਕਮਲੁ ਅਸਥੰਭੁ ਨ ਹੋਤੋ ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ॥
  ਰੂਪੁ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ॥
  ਗਉਨੁ ਗਗਨੁ ਜਬ ਤਬਹਿ ਨ ਹੋਤਉ ਤ੍ਰਿਭਵਣ ਜੋਤਿ ਆਪੇ ਨਿਰੰਕਾਰੁ॥ (੯੪੫)

ਭਾਵ, ਜਿਵੇਂ ਚੰਗਿਆੜੇ ਅੱਗ ਵਿੱਚੋਂ ਅੱਡ ਹੋਣ ਤੋਂ ਪਹਿਲਾਂ ਅੱਗ ਵਿੱਚ ਹੀ ਸਮਾਏ ਹੁੰਦੇ ਹਨ, ਇਵੇਂ ਹੀ ਇਸ ਜੀਵ ਆਤਮਾ ਦੀ ਹਸਤੀ ਨਿਰੰਕਾਰ ਵਿੱਚ ਸੀ।